Punjab Government Gazette

EXTRAORDINARY

Published by Authority

CHANDIGARH, FRIDAY, DECEMBER 19, 2025 (AGRAHAYANA 28, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 18 ਦਸੰਬਰ, 2025

ਨੰਬਰ:04/71/ਹਲਕਾਬੰਦੀ(ਸ-1)/ਮਚਸ਼/2025/208.-ਅਧਿਸੂਚਨਾ ਨੰ: 04/71/ਹਲਕਾਬੰਦੀ(ਸ-1)ਮਚਸ਼/2025/168 ਮਿਤੀ: 17-11-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪਰਸੰਨਤਾ ਪੂਰਵਕ ਨਗਰ ਪੰਚਾਇਤ, ਮਹਿਰਾਜ ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

ਨਿਯਮ

ਨਗਰ ਪੰਚਾਇਤ, ਮਹਿਰਾਜ, ਜਿਲ੍ਹਾ ਬਠਿੰਡਾ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਪੰਚਾਇਤ, ਮਹਿਰਾਜ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 10 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾਂ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ ਅਤੇ
4. ਪੱਛੜੀ ਸ਼੍ਰੇਣੀਆਂ ਦੇ ਮੈਂਬਰਾ ਲਈ ਰਾਖਵਾਂ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਪੰਚਾਇਤ, ਮਹਿਰਾਜ (ਜਿਲ੍ਹਾ ਬਠਿੰਡਾ) ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰਬਰ : 01 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਸਿਧਾਣਾ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸਿਧਾਣਾ ਰੋਡ ਨਾਲ ਚੱਲਦੇ ਹੋਏ ਫਿਰਨੀ ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਤਾਲੀ ਕੇ ਵਾਲੀ ਗਲੀ ਤੀਕ, ਫਿਕ ਉਕਤ ਗਲੀ ਨਾਲ ਚੱਲਦੇ ਹੋਏ

ਬਲਦੇਵ ਮਜੀ ਕੇ ਵਾਲੀ ਗਲੀ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਵਿਰੇ ਸਰਪੰਚ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ, ਗੁਰਤੇਜ ਦਾਨੇ ਕੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਰਾਮ ਸਿਰਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਛੱਪੜ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਖੂਹ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਜਰ ਘੋਨੀ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਾਜਮ ਪਟਵਾਰੀ ਵਾਲੀ ਗਲੀ (ਫਿਰਨੀ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਭੈਣੀ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੱਛਮੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਥਾਣਾ ਰੋਡ ਪਾਰ ਕਰਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਅਤੇ ਸਿਧਾਣਾ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ : 02 (ਪੱਛੜੀਆਂ ਸ਼੍ਰੇਣੀਆਂ ਦੇ ਮੈਬਰਾਂ ਲਈ ਰਾਖਵਾਂ)

ਗਲੀ ਗੁਰੂਦੁਆਰਾ ਰਾਮ ਸਿਰਾ ਅਤੇ ਗੁਰਤੇਜ ਦਾਨੇ ਕੇ ਘਰ ਵਾਲੀ ਗਲੀ ਤੇ ਆਰੰਭ ਕਰਕੇ, ਗੁਰਤੇਜ ਦਾਨੇ ਕੇ ਘਰ ਵਾਲੀ ਗਲੀ ਨਾਲ ਚੱਲਦੇ ਹੋਏ ਬਿਰੇ ਸਰਪੰਚ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਧਨਸ਼ਿਓ ਵਰਕਸ਼ਾਪ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਭਾਊਆ ਦੇ ਘਰ ਵਾਲੇ ਰਾਹ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਮੇਲ ਚੱਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਾਹਿਬ ਕੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਰਜਾਪਤੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ,ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਬੱਬਲੀ ਮਾਨ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਬਾਬਾ ਕਾਲੇ ਦੀ ਸਮਾਧ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਵਿਰ ਪਿੰਦਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗੁਰੂਦੁਆਰਾ ਸਾਹਿਬ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਦਵਿੰਦਰ ਚੇਅਰਮੈਨ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਕਾਲੇ ਹੁਕਮਾਂ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁਰਾਣੇ ਠੇਕੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਡਾਕਖਾਨੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਰਾਮ ਸਿਰਾ ਵਾਲੀ ਗਲੀ ਅਤੇ ਗੁਰਤੇਜ ਦਾਨੇ ਕੇ ਘਰ ਵਾਲੀ ਗਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ : 03 (ਇਸਤਰੀ ਮੈਂਬਰਾਂ ਲਈ ਰਾਖਵਾਂ)

ਫਿਰਨੀ ਅਤੇ ਸਿਧਾਣਾ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਉਕਤ ਫਿਰਨੀ ਨਾਲ ਚੱਲਦੇ ਹੋਏ ਪਰਜਾਪਤੀ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਾਹਿਬ ਕੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਸਾਹਮਣੇ ਗੁਰਮੇਲ ਚੱਕੀ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਮੇਲ ਚੱਕੀ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਭਾਊਆ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਿਰੇ ਸਰਪੰਚ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਲਦੇਵ ਮੱਜੀ ਕੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਤਾਲੀ ਕੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ : 04 (ਅਨੁਸੂਚਿਤ ਜਾਤੀਆਂ ਦੇ ਮੈਬਰਾਂ ਲਈ ਰਾਖਵਾਂ)

ਸਿਧਾਣਾ ਰੋਡ ਅਤੇ ਨਗਰ ਪੰਚਾਇਤ ਦੀ ਉੱਤਰੀ ਹੱਦ ਤੋਂ ਆਰੰਭ ਕਰਦੇ ਹੋਏ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਘਰਾਟ ਰੋਡ ਪਾਰ ਕਰਦੇ ਹੋਏ ਮੁਖਤਿਆਰ ਪੰਪ ਵਾਲੇ ਕੇ ਘਰ ਵਾਲੀ ਗਲੀ (ਮਲੂਆਣਾ ਰੋਡ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਦਰਸ਼ਨ ਸੁਨਾਖੀ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਘਰਾਟ ਰੋਡ ਪਾਰ ਕਰਦੇ ਹੋਏ ਫਿਰਨੀ ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ (ਨਾਜਰੀ ਕੀ ਗਲੀ) ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਸਿਧਾਣਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 05 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਬੱਬਲੀ ਮਾਨ ਦੇ ਘਰ ਵਾਲੀ ਗਲੀ ਅਤੇ ਫਿਰਨੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ, ਉਕਤ ਫਿਰਨੀ ਨਾਲ ਚੱਲਦੇ ਹੋਏ ਦਰਸ਼ਨ ਸੁਨਾਖੀ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੁਖਤਿਆਰ ਪੰਪ ਵਾਲੇ ਦੇ ਘਰ ਵਾਲੀ ਗਲੀ (ਮਲੂਆਣਾ ਰੋਡ) ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੂਰਵੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਮਿਠੂ ਦੇ ਘਰ ਵਾਲੀ ਗਲੀ (ਫੂਲ ਰੋਡ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਸ਼ਿਲਾ ਸਿੰਘ ਪ੍ਰਧਾਨ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਲਿੰਕ ਗਲੀ ਸੀ.ਓ. ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸੀ.ਓ. ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਮੇਲ ਸ਼ਾਮੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨੇਰੂ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਛੱਪੜ ਤੀਕ (ਮੌਠੂ ਕੇ ਗਲੀ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਬਾ ਸੁਖੜੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਵੀਰ ਪਿੰਦਰ ਕੌਰ ਐਮ.ਸੀ. ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਬਾਬੇ ਕਾਲੇ ਦੀ ਸਮਾਧ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲੰਡੇ ਮਿਸਤਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬੱਬਲੀ ਮਾਨ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 06

ਗਲੀ ਨੇਰੂ ਅਤੇ ਲਮੂ ਪੰਡਿਤਾ ਵਾਲੀ ਗਲੀ ਦੇ ਮਿਲਣ ਦੇ ਸਥਾਨ ਤੇ ਆਰੰਭ ਕਰਕੇ, ਗਲੀ ਨੇਰੂ ਦੇ ਘਰ ਵਾਲੀ ਨਾਲ ਚੱਲਦੇ ਹੋਏ ਗੁਰਮੇਲ ਸ਼ਾਮੇ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸੀ.ਓ. ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਰਬਜੀਤ ਧੰਨੀ ਕੇ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸ਼ਿਲਾ ਸਿੰਘ ਪ੍ਰਧਾਨ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ, ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਵਾਟਰ ਵਰਕਸ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮਿਠੂ ਦੇ ਘਰ ਵਾਲੀ ਗਲੀ (ਫੂਲ ਰੋਡ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਮਿਠੂ ਮੈਬਰ ਦੇ ਘਰ ਵਾਲੀ ਗਲੀ (ਫੂਲ ਰੋਡ) ਤੀਕ, ਫਿਰ ਉਕਤ ਫੂਲ ਰੋਡ ਨਾਲ ਚੱਲਦੇ ਹੋਏ ਫਿਰਨੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਕੌਕਿਆ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਧਰਮਸ਼ਾਲਾ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਾਸੂਦੇਵ ਫੌਜੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਮੂ ਪੰਡਤਾ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਨੇਰੂ ਦੇ ਘਰ ਵਾਲੀ ਗਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 07 (ਇਸਤਰੀ ਮੈਂਬਰਾਂ ਲਈ ਰਾਖਵਾਂ)

ਬਾਬਾ ਸੁਖੜੇ ਦੇ ਘਰ ਵਾਲੀ ਗਲੀ ਅਤੇ ਗਲੀ ਛੱਪੜ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ, ਉਕਤ ਗਲੀ ਨਾਲ ਚੱਲਦੇ ਹੋਏ ਪਿੱਪਲੀ ਵਾਲੀ ਪਾਰਕ ਤੀਕ, ਫਿਰ ਉਕਤ ਪਾਰਕ ਨਾਲ ਚੱਲਦੇ ਹੋਏ ਗਲੀ ਨੇਰੂ ਕੇ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਮੂ ਪੰਡਤਾ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਵਾਸੂਦੇਵ ਫੌਜੀ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਕਸਚੇਂਜ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਕਾਲੇ ਹਕੂਮਾ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਦਵਿੰਦਰ ਚੇਅਰਮੈਨ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੀਵਨ ਸਿੰਘ ਗੁਰਦੁਆਰਾ ਸਾਹਿਬ ਦੇ ਪਾਰਕ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਵੀਰਪਿੰਦਰ ਕੋਰ ਐਮ.ਸੀ. ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਾਬਾ ਸੁਖੜੇ ਦੇ ਘਰ ਵਾਲੀ ਗਲੀ ਅਤੇ ਗਲੀ ਛੱਪੜ ਵਾਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 08 (ਅਨੁਸੂਚਿਤ ਜਾਤੀਆਂ ਦੇ ਮੈਬਰਾਂ ਲਈ ਰਾਖਵਾਂ)

ਬਘੇਲੇ ਕੀ ਧਰਮਸ਼ਾਲਾ ਦੇ ਘਰ ਵਾਲੀ ਗਲੀ ਅਤੇ ਗਲੀ ਡਾਕਖਾਨੇ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਕਾਲੇ ਹਕੂਮਾ ਦੇ ਘਰ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਕਸਚੇਂਜ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਾਸੂਦੇਵ ਫੌਜੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ

ਸੂਰੇ ਦੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਟਕਾ ਚੌਕ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਭੋਲੇ ਸੇਠ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਸ਼ੋਕ ਕੁਮਾਰ ਸੇਠ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਖੂਹ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੂਟਾ ਘੋਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਿੰਦੀ ਡਰਾਇਵਰ ਦੇ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕੁਲਜੀਤ ਮਾਸਟਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਘੇਰੇ ਕੀ ਧਰਮਸ਼ਾਲਾ ਦੇ ਘਰ ਵਾਲੀ ਗਲੀ ਤੀਕ ਅਤੇ ਗਲੀ ਡਾਕਖਾਨੇ ਵਾਲੀ ਗਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 09 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ)

ਮਟਕਾ ਚੌਂਕ ਵਾਲੀ ਅਤੇ ਗਲੀ ਕੌਕਿਆਂ ਵਾਲੀ ਦੇ ਸਥਾਨ ਤੇ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਫੂਲ ਰੋਡ ਫਿਰਨੀ ਤੀਕ, ਉਕਤ ਫੂਲ ਰੋਡ ਨਾਲ ਚੱਲਦੇ ਹੋਏ ਰਾਮਪੁਰਾ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਪੁਸ਼ਪਾ ਰਾਣੀ ਐਮ.ਸੀ. ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਲਕੀਤ ਮਿਸਤਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਪੁਰਾਣੀ ਸਟੇਟ ਬੈਂਕ ਆਫ ਪਟਿਆਲਾ ਵਾਲੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਟਕਾ ਚੌਂਕ ਵਾਲੀ ਅਤੇ ਗਲੀ ਕੌਕਿਆਂ ਵਾਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 10 (ਅਨੁਸੂਚਿਤ ਜਾਤੀਆਂ ਦੇ ਮੈਬਰਾਂ ਲਈ ਰਾਖਵਾਂ)

ਗਲੀ ਮਿੱਠੂ ਮੈਂਬਰ ਦੇ ਘਰ ਵਾਲੀ ਅਤੇ ਨਗਰ ਪੰਚਾਇਤ ਦੀ ਪੂਰਬੀ ਹੱਦ ਦੇ ਮਿਲਣ ਦੇ ਸਥਾਨ ਤੇ ਆਰੰਭ ਕਰਕੇ, ਨਗਰ ਪੰਚਾਇਤ ਦੀ ਪੂਰਬੀ ਹੱਦ ਨਾਲ ਚੱਲਦੇ ਹੋਏ ਪੈਟਰੋਲ ਪੰਪ ਵਾਲੇ ਕੱਚੇ ਰਾਹ ਤੀਕ, ਫਿਰ ਉਕਤ ਕੱਚੇ ਰਾਹ ਨਾਲ ਚੱਲਦੇ ਹੋਏ ਰਾਮਪੁਰਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗੁਰਤੇਜ ਸਿੰਘ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ, ਪਾਰਕ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਘੁੱਟਰ ਮੈਂਬਰ ਵਾਲਾ ਵਿਹੜਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਮਪੁਰਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ, ਫੂਲ ਰੋਡ ਫਿਰਨੀ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਿੱਠੂ ਮੈਂਬਰਾਂ ਦੇ ਘਰ ਵਾਲੀ ਅਤੇ ਨਗਰ ਪੰਚਾਇਤ ਦੀ ਪੂਰਬੀ ਹੱਦ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 11

ਗਲੀ ਅਸ਼ੋਕ ਕੁਮਾਰ ਸੇਠ ਦੇ ਘਰ ਵਾਲੀ ਅਤੇ (ਮਟਕਾ ਚੌਂਕ) ਪੁਰਾਣੀ ਸਟੇਟ ਬੈਂਕ ਆਫ ਪਟਿਆਲਾ ਵਾਲੀ ਰੋਡ ਦੇ ਸਥਾਨ ਤੋਂ ਆਰੰਭ ਕਰਕੇ ਫਿਰ ਉਕਤ ਰੋਡ ਨਾਲ ਚੱਲਦੇ ਹੋਏ ਫਿਰਨੀ ਰੋਡ ਤੀਕ, ਫਿਰ ਉਕਤ ਫਿਰਨੀ ਰੋਡ ਨਾਲ ਚੱਲਦੇ ਹੋਏ ਗਲੀ ਮਲਕੀਤ ਮਿਸਤਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁਸਪਾ ਰਾਣੀ ਐਮ.ਸੀ. ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਰਾਮਪੁਰਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਘੁੱਟਰ ਮੈਂਬਰ ਵਾਲਾ ਵਿਹੜਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਤੇਜ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਰਾਮਪੁਰਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਪੰਪਰੋਲ ਪੰਪ ਵਾਲੇ ਕੱਚੇ ਰਸਤੇ ਤੀਕ, ਫਿਰ ਉਕਤ ਕੱਚੇ ਰਸਤੇ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਸੁਰਮੁੱਖ ਸੁਰਬੇ ਦੇ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਰੋਡ ਪਾਰ ਕਰਦੇ ਹੋਏ ਗਲੀ ਕੁਲਵੰਤ ਪੰਚ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਚੰਦ ਪਾਲੇ ਕੇ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਸ਼ੋਕ ਕੁਮਾਰ ਸੇਠ ਦੇ ਘਰ ਵਾਲੀ ਗਲੀ ਅਤੇ (ਮਟਕਾ ਚੌਂਕ) ਪੁਰਾਣੀ ਸਟੇਟ ਬੈਂਕ ਆਫ ਪਟਿਆਲਾ ਵਾਲੀ ਰੋਡ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 12

ਗਲੀ ਮੇਜਰ ਘੋਨੀ ਵਾਲੀ ਅਤੇ ਗਲੀ ਤਰਲੋਚਨ ਮਿਸਤਰੀ ਦੇ ਘਰ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਰਾਮਸਿਰਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਗੇਲੇ ਕੇ ਧਰਮਸ਼ਾਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕੁਲਜੀਤ ਮਾਸਟਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਿੰਦੀ ਡਰਾਈਵਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬੂਟਾ ਕੌਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਖੂਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਚੰਦ ਪਾਲੇ ਕੇ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕੁਲਵੰਤ ਪੰਚ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ (ਛੋਟਾ ਬੱਸ ਸਟੈਂਡ) ਤੀਕ, ਫਿਰ ਉਕਤ ਫਿਰਨੀ ਨਾਲ

ਚੱਲਦੇ ਹੋਏ ਗਲੀ ਨਾਜਮ ਪਟਵਾਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੇਜਰ ਘੋਨੀ ਵਾਲੀ ਅਤੇ ਗਲੀ ਤਰਲੋਚਨ ਮਿਸਤਰੀ ਦੇ ਘਰ ਵਾਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ: 13 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ)

ਮਾੜੀ ਭੈੜੀ ਰੋਡ ਅਤੇ ਫਿਰਨੀ (ਛੋਟਾ ਬੱਸ ਸਟੈਂਡ) ਦੇ ਮਿਲਣ ਦੇ ਸਥਾਨ ਤੇ ਆਰੰਭ ਕਰਕੇ, ਉਕਤ ਫਿਰਨੀ ਰੋਡ ਨਾਲ ਚੱਲਦੇ ਹੋਏ ਗਲੀ ਸੁਰਮੁੱਖ ਸੁਰਭੇ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ, ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੱਛਮੀ ਹੱਦ ਤੀਕ, ਉਕਤ ਪੱਛਮੀ ਹੱਦ ਨਾਲ ਚੱਲਦੇ ਹੋਏ ਮਾੜੀ ਭੈੜੀ ਰੋਡ ਅਤੇ ਫਿਰਨੀ (ਛੋਟਾ ਬੱਸ ਸਟੈਂਡ) ਤੀਕ, ਅਰਥਾਤ ਜਿੱਥੋ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ,

ਮਿਤੀ 18 ਦਸੰਬਰ, 2025

ਸਕੱਤਰ ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

3587/12-2025/Pb. Govt. Press, S.A.S. Nagar